UGC Approved Journal
Research Link

Since March 2002

An International, Registered & Refereed Monthly Journal :
Punjabi Literature
Research Link - 168, Vol - XVII (1), March - 2018, Page No. 136-137
ISSN - 0973-1628 ■ RNI - MPHIN-2002-7041 ■ Impact Factor - 2015 - 2.782

# ਮੱਧਕਾਲੀ ਪੰਜਾਬੀ ਕਾਵਿ ਦਾ ਵਿਸ਼ਾਗਤ ਅਧਿਐਨ

*''ਧਿਆਨਯੋਗ ਨੁਕਤਾ ਇਹ ਹੈ ਕਿ ਇਸ਼ਕ-ਅਨੁਭਵ ਨੂੰ ਕਾਵਿਕ ਅਭਿਵਿਅਕਤੀ ਪ੍ਰਦਾਨ ਕਰਨ ਸਮੇਂ ਇਨ੍ਹਾਂ ਕਿੱਸਾ-ਕਵੀਆਂ ਨੇ ਆਸ਼ਿਕ ਮਨੁੱਖ ਦੀ ਉਸ ਮਰਯਾਦਾ ਪ੍ਰਤਿ ਤਿੱਖੀ ਵਿਰੋਧ ਭਾਵਨਾ ਪੇਸ਼ ਕੀਤੀ ਹੈ, ਜਿਹੜੀ ਉਸ ਦੇ ਆਤਮ-ਸੁਤੰਤਰ ਵਿਅਕਤਿਤ੍ਵ ਦੇ ਰਾਹ ਵਿੱਚ ਗੰਭੀਰ ਸਮੱਸਿਆ ਬਣ ਕੇ ਖੜ੍ਹੀ ਹੈ ਅਤੇ ਆਪਣੇ ਅਜਿਹੇ ਵਿਰੋਧ ਨੂੰ ਕਿਸੇ ਵੀ ਸਥਿਤੀ ਵਿੱਚ ਢਿੱਲਾ ਨਹੀਂ ਹੋਣ ਦਿੱਤਾ।'' ਇਸੇ ਤਰ੍ਹਾਂ ਗੁਰਮਤਿ ਅਤੇ ਸੂਫ਼ੀ ਕਾਵਿ ਮਰ੍ਹਮ ਅਤੇ ਕਰਮ ਦਾ ਤਣਾਓ ਪੇਸ਼ ਕਰਦੇ ਹਨ। ਇਸ ਤਣਾਓ ਦਾ ਮੁੱਖ ਮਕਸਦ ਪਾਖੰਡ ਤੇ ਦੰਭ ਦੀ ਵਿਸਥਾਪਨਾ ਅਤੇ ਤੱਤ-ਗਿਆਨ ਦੀ ਸਥਾਪਨਾ ਹੈ। ਇਸ ਤੋਂ ਇਲਾਵਾ ਮੱਧਕਾਲੀ ਕਵਿਤਾ ਵਿੱਚ ਨੈਤਿਕਤਾ ਤੇ ਬਿਰਹਾ ਵੀ ਪ੍ਰਮੁੱਖ ਵਿਸ਼ੇ ਵਜੋਂ ਉੱਭਰ ਕੇ ਸਾਹਮਣੇ ਆਉਂਦੇ ਹਨ।*

**ਗੁਰਪ੍ਰੀਤ ਸਿੰਘ**

ਪੰਜਾਬੀ ਸਾਹਿਤ ਦੇ ਅੰਤਰਗਤ ਮੱਧਕਾਲੀ ਪੰਜਾਬੀ ਕਵਿਤਾ ਆਪਣੀ ਵੱਖਰੀ ਤੇ ਵਿਲੱਖਣ ਹੋਂਦ ਰੱਖਦੀ ਹੈ। ਮੱਧਕਾਲੀ ਪੰਜਾਬੀ ਕਾਵਿ ਵਿਚਾਰਧਾਰਕ ਪੱਖੋਂ ਹੀ ਨਹੀਂ ਰੂਪਕ ਪੱਖ ਤੋਂ ਵੀ ਆਪਣੀ ਅਗਲੇਰੀ ਅਤੇ ਪਿਛਲੀ ਕਵਿਤਾ ਤੋਂ ਵੱਖਰੇ ਸੁਭਾਅ ਦੀ ਧਾਰਨੀ ਹੈ। ਕਵਿਤਾ ਸਮਕਾਲੀ ਸੰਵੇਦਨਾ ਦਾ ਪ੍ਰਤਿਬਿੰਬ ਹੁੰਦੀ ਹੈ। ''ਹਰ ਵਿਚਾਰਧਾਰਕ ਕਿਰਤ ਨੇ, ਭਾਵੇਂ ਉਹ ਫਿਲਾਸਫੀ ਹੋਵੇ, ਮਜ਼੍ਹਬ ਜਾਂ ਸਾਹਿਤ, ਜ਼ਿੰਦਗੀ ਦਾ ਨਜ਼ਰੀਆ ਤਾਂ ਪੇਸ਼ ਕਰਨਾ ਹੀ ਹੁੰਦਾ ਹੈ। ਮੁਹਾਵਰਾ ਆਪੋ ਆਪਣਾ, ਤਰੀਕਾ ਆਪੋ ਆਪਣਾ, ਆਪੋ ਆਪਣੇ ਅਸਲ-ਪੈਂਤੜੇ ਅਨੁਸਾਰ ਚੰਦ ਬੁਨਿਆਦੀ ਮਸਲਿਆਂ ਨੂੰ ਤਾਂ ਉਸ ਨੇ ਮੁਖ਼ਾਤਬ ਹੋਣਾ ਹੀ ਹੁੰਦਾ ਹੈ। ਬਦੀ ਦੀ ਵਸਤੂ ਕੀ ਹੈ ਉਸ ਦਾ ਸੋਮਾ ਕੀ ਹੈ ਸਮਾਜ ਵਿੱਚ ਜੋ ਵੀ ਹੁੰਦਾ ਹੈ ਕੀਤਾ ਕਰਾਇਆ ਤਾਂ ਬੰਦੇ ਦਾ ਹੀ ਹੈ। ਸੋ ਜ਼ਿੰਦਗੀ ਦੇ ਨਜ਼ਰੀਏ ਦੀ ਮੂਲ ਵਸਤੂ ਤਾਂ ਬੰਦਾ, ਉਸ ਦਾ ਸੰਕਲਪ, ਉਸ ਦੀ ਤਕਦੀਰ ਹੀ ਹੁੰਦੀ ਹੈ। ਬਦੀ ਦੇ ਮਸਲੇ ਨਾਲ ਵੀ ਬੰਦੇ ਨੇ ਆ ਹੀ ਜਾਣਾ ਹੁੰਦਾ ਹੈ।''(1) ਕਵੀ ਸਮਾਜ ਦਾ ਹਿੱਸਾ ਹੋਣ ਦੇ ਨਾਤੇ ਮਾਨਵੀ ਅਤੇ ਸਮਾਜਿਕ ਸਰੋਕਾਰਾਂ ਤੋਂ ਅਭਿੱਜ ਨਹੀਂ ਰਹਿ ਸਕਦਾ। ਇਸ ਲਈ ਕਵੀ ਦੀ ਸਿਰਜਣਾ ਵਿੱਚ ਸਦੀਵੀ ਮਨੁੱਖੀ ਵਿਸ਼ਿਆਂ ਅਤੇ ਸਮਕਾਲੀ ਯਥਾਰਥ ਦਾ ਪ੍ਰਗਟਾਵਾ ਹੋਣਾ ਸੁਭਾਵਿਕ ਹੋ ਜਾਂਦਾ ਹੈ। ਮੱਧਕਾਲੀ ਪੰਜਾਬੀ ਕਵਿਤਾ ਵਿੱਚ ਵੀ ਕਵੀਆਂ ਨੇ ਸਮਕਾਲੀ ਸੰਵੇਦਨਾ ਨੂੰ ਸੁਤੇ-ਸਿਧ ਜਾਂ ਪ੍ਰਤੱਖ ਰੂਪ ਵਿੱਚ ਰੂਪਮਾਨ ਕੀਤਾ ਹੈ।

ਮੱਧਕਾਲੀ ਕਾਵਿ-ਚੇਤਨਾ ਭੂਪਵਾਦੀ ਜੀਵਨ-ਮੁੱਲਾਂ ਦੀ ਸਾਂਸਕ੍ਰਿਤਕ ਸੰਵੇਦਨਾ ਦੀ ਉਪਜ ਹੈ। ਮੱਧਕਾਲੀ ਨਿਜ਼ਾਮ ਜਾਗੀਰਦਾਰੀ ਨਿਜ਼ਾਮ ਹੈ, ਇਸ ਲਈ ਮੱਧਕਾਲੀ ਕਵਿਤਾ ਵਿੱਚ ਉਸਾਰਿਆ ਗਿਆ ਸਮੁੱਚਾ ਉਸਾਰ ਸਾਮੰਤੀ ਕਦਰਾਂ-ਕੀਮਤਾਂ ਨਾਲ ਸੰਬੰਧਿਤ ਹੈ। ਇਹ ਉਹ ਸਮਾਂ ਸੀ ਜਦੋਂ ਵਿਅਕਤੀ ਦੀ ਪਹਿਚਾਣ ਕਬੀਲੇ, ਸਮੂਹ ਜਾਂ ਪਰਿਵਾਰ ਤੋਂ ਹੁੰਦੀ ਸੀ। ਅਜਿਹੇ ਸਮਾਜ ਵਿੱਚ ਵਿਅਕਤੀਗਤ ਸਰੋਕਾਰਾਂ ਨੂੰ ਮੁੱਖ ਰੱਖ ਕੇ ਕੀਤਾ ਗਿਆ ਫ਼ੈਸਲਾ ਸਮੁੱਚੇ ਸਮਾਜਿਕ ਤੇ ਪਰਿਵਾਰਕ ਪ੍ਰਬੰਧ ਨੂੰ ਹਲੂਣਦਾ ਸੀ, ਕਿਉਂਕਿ ਵਿਅਕਤੀ ਸਿਰਫ਼ ਵਿਅਕਤੀ ਨਹੀਂ ਸੀ ਬਲਕਿ ਉਸ ਦੀ ਸ਼ਨਾਖ਼ਤ ਸਮਾਜ ਤੇ ਪਰਿਵਾਰ ਤੋਂ ਹੁੰਦੀ ਸੀ। ਇਸ ਲਈ ਅਜਿਹੇ ਸਮਾਜਿਕ ਢਾਚੇ ਵਿੱਚ ਕਈ ਵਾਰੀ ਵਿਅਕਤੀ ਅਤੇ ਸਮਾਜ ਵਿਚਕਾਰ ਤਣਾਓ ਪੈਦਾ ਹੋ ਜਾਂਦਾ ਸੀ। ਇਸ ਤਣਾਓ ਦੇ ਅੰਸ਼ ਸਾਨੂੰ ਮੱਧਕਾਲੀ ਕਵਿਤਾ ਵਿੱਚ ਵੀ ਆਮ ਕਰਕੇ ਮਿਲ ਜਾਂਦੇ ਹਨ, ਖ਼ਾਸ ਤੌਰ 'ਤੇ ਪ੍ਰੇਮ-ਪਿਆਰ ਦੇ ਕਿੱਸਿਆਂ ਵਿੱਚ।

ਮੱਧਕਾਲ ਦੀ ਸਭ ਤੋਂ ਪ੍ਰਮੁੱਖ ਸੁਰ ਧਰਮ ਤੇ ਸੱਚ ਦੀ ਸਥਾਪਨਾ ਅਤੇ ਪਾਖੰਡੀ ਪ੍ਰਪੰਚ ਦੀ ਵਿਸਥਾਪਨਾ ਹੈ। ਮੱਧਕਾਲੀ ਕਾਵਿ ਵਿੱਚ ਜਿੱਥੇ ਭਗਤਾਂ ਤੇ ਸੂਫ਼ੀਆਂ ਨੇ ਤਾਤਵਿਕ ਸੱਚ ਦੀ ਸਥਾਪਨਾ ਕੀਤੀ, ਉੱਥੇ ਮਨੁੱਖ ਦੇ ਦੰਭੀ, ਪਾਖੰਡੀ ਅਤੇ ਕਪਟੀ ਭਰਮਿਕ ਚਰਿਤਰ ਨੂੰ ਕਰੜੇ ਸ਼ਬਦੀਂ ਨੰਗਾ ਕੀਤਾ। ਮੱਧਕਾਲੀ ਸਮਾਂ ਰਾਜਸੀ ਉਥਲ-ਪੁਥਲ ਦਾ ਸਮਾਂ ਸੀ। ਸਮਾਜ ਵਿੱਚ ਟੱਕਰ ਮਾਨਸਿਕ ਤੇ ਆਂਤਰਿਕ ਘੱਟ ਸੀ ਅਤੇ ਬਾਹਰੀ ਜ਼ਿਆਦਾ। ਇਸ ਵਿੱਚ ਜਿੱਥੇ ਰਾਜਸੀ ਸੱਤਾ ਲਈ ਜੰਗ ਹੁੰਦੀ ਸੀ ਉੱਥੇ ਸਮਾਜ ਅਤੇ ਵਿਅਕਤੀ ਵਿਚਕਾਰ ਵੀ ਟਕਰਾਓ ਸੀ। ਇਸ ਲਈ ਮੱਧਕਾਲ ਦੀ ਕਵਿਤਾ ਵਿੱਚ ਬੀਰ ਰਸੀ ਸੁਰ ਵੀ ਮਿਲ ਜਾਂਦੀ ਹੈ। ਮੱਧਕਾਲੀ ਕਵਿਤਾ ਦਾ ਵਿਸ਼ਾਗਤ ਅਧਿਐਨ ਨਿਮਨਲਿਖਤ ਨੁਕਤਿਆਂ ਤੋਂ ਕੀਤਾ ਜਾ ਸਕਦਾ ਹੈ।

(1) ਸੱਚ ਦਾ ਪ੍ਰਗਟਾਵਾ (2) ਇਸ਼ਕ (3) ਯੁੱਧ ਅਤੇ ਬੀਰ ਰਸੀ ਕਾਵਿ (4) ਤਣਾਓ ਦੀ ਪੇਸ਼ਕਾਰੀ

ਮੱਧਕਾਲ ਦੀ ਸਮੁੱਚੀ ਕਵਿਤਾ ਅਤੇ ਵਿਸ਼ੇਸ਼ ਤੌਰ 'ਤੇ ਗੁਰਮਤਿ ਕਾਵਿ ਸੱਚ ਦੀ ਸਥਾਪਨਾ ਤੇ ਪਛਾਣ ਦਾ ਪ੍ਰਵਚਨ ਹੈ। ਮਨੁੱਖ ਦੀ ਹੋਂਦ ਅਲਪ, ਅਪੂਰਨ ਤੇ ਅਤ੍ਰਿਪਤ ਹੋਂਦ ਹੈ। ਇਹ ਹੋਂਦ ਜਨਮਦੀ, ਵਿਗਸਦੀ ਤੇ ਮਿਟਦੀ ਰਹਿੰਦੀ ਹੈ। ਇਸ ਲਈ ਇਹ 'ਕੂੜ' ਹੈ। ਪਰੰਤੂ ਇਸ ਦੇ ਉਲਟ ਜੋ ਪੂਰਨ, ਸਦੀਵੀ ਤੇ ਸ੍ਰਿਸ਼ਟੀ ਦੇ ਤ੍ਰਿਗੁਣਾਤਮਕ ਵਿਸਤਾਰ ਦੀ ਵਿਗਸਣੀ ਤੇ ਨਾਸ਼ਮਾਨ ਹੋਂਦ ਦੇ ਵਿਰੋਧ ਵਿੱਚ ਹੈ, ਉਹ ਸੱਚ ਹੈ। ਇਹ ਸੱਚ ਆਪਣੇ ਆਪ ਵਿੱਚ ਅਦ੍ਵੈਤ ਰੂਪ ਤੇ ਤ੍ਰਿਪਤ ਹੈ। ਇਸ ਸੱਚ ਤੇ ਮਾਨਵ ਰੂਪੀ ਹੋਂਦ ਵਿਚਕਾਰ ਜਿਹੜਾ ਕੂੜ ਰੂਪੀ ਦਵੰਦ ਹੈ ਉਸ ਨੂੰ ਸਮਝਣਾ ਤੇ ਉਸ ਤੋਂ ਪਾਰ ਜਾਣਾ ਹੀ ਮੱਧਕਾਲੀ ਕਵਿਤਾ ਦੇ ਸਮੁੱਚੇ ਪ੍ਰਵਚਨ ਦਾ ਆਧਾਰ ਬਣਦਾ ਹੈ। ਸਮੁੱਚੀ ਕਾਇਨਾਤ ਵਿੱਚ ਮੁਨੱਖ ਦੀ ਭੱਜ-ਦੌੜ, ਸੰਘਰਸ਼ ਤੇ ਸ਼ੋਰ-ਸ਼ਰਾਬਾ ਇਸੇ ਕੂੜ ਕਾਰਨ ਹੈ। ਜਿਹੜਾ ਮਨੁੱਖ ਸੱਚ ਦੇ ਰਸਤੇ ਵਿੱਚ ਫ਼ੈਲੀ ਇਸ ਕੂੜ ਰੂਪੀ ਵਿੱਥ ਤੋਂ ਅਗਾਂਹ ਲੰਘ ਜਾਂਦਾ ਹੈ ਉਸ ਦੀ ਸਾਰੀ ਦੌੜ-ਭੱਜ ਤੇ ਸਾਰਾ ਸ਼ੋਰ ਸਮਾਪਤ ਹੋ ਜਾਂਦਾ ਹੈ। ਗੁਰਬਾਣੀ ਹੋਵੇ ਜਾਂ ਸੂਫ਼ੀ ਕਵਿਤਾ ਮੱਧਕਾਲੀ ਸਾਹਿਤ ਦਾ ਮੁੱਖ ਵਿਸ਼ਾ ਮਨੁੱਖ ਨੂੰ ਇਸ ਵਿਅਰਥ ਦੀ ਭੱਜ-ਦੌੜ ਤੇ ਰੌਲੇ-ਰੱਪੇ ਤੋਂ ਨਿਜਾਤ ਦਿਵਾਉਣਾ ਹੈ। ਡਾ. ਜਗਜੀਤ ਸਿੰਘ ਇਸ ਵਿਚਾਰ ਦੀ ਪੁਸ਼ਟੀ ਕਰਦਿਆਂ ਲਿਖਦਾ ਹੈ,

*''ਗੁਰਬਾਣੀ ਦਾ ਅੰਤਿਮ ਪ੍ਰਭਾਵ ਮਹਾਂਮੌਨ ਦਾ ਹੈ। ਗੁਰਬਾਣੀ ਅਤੇ ਸੂਫ਼ੀ ਕਲਾਮ ਦੋਵੇਂ ਜੀਵਨ ਵਿੱਚੋਂ ਇਹਲੌਕਿਕ ਸ਼ੋਰ ਨੂੰ*

*ਅਸਿਸਟੈਂਟ ਪ੍ਰੋਫ਼ੈਸਰ, ਏ· ਐਸ· ਕਾਲਜ, ਖੰਨਾ (ਪੰਜਾਬ)*

***ਘਟਾਉਣ ਦਾ ਯਤਨ ਕਰ ਰਹੇ ਹਨ। ਇਹ ਸ਼ੋਰ ਜੀਵਨ ਵਿੱਚ ਸ਼ਬਦ ਬਹੁਲਤਾ, ਕਰਮਕਾਂਡ ਤੇ ਮਾਇਆ ਦਾ ਹੈ।''*** (2)

'ਜਪੁਜੀ' ਮੱਧਕਾਲੀ ਗੁਰਮਤਿ ਕਾਵਿ ਦੀ ਇੱਕ ਪ੍ਰਤਿਨਿਧ ਕਿਰਤ ਹੈ। ਇਹ ਰਚਨਾ ਕੇਵਲ ਅਧਿਆਤਮਿਕ ਪੱਖ ਤੋਂ ਹੀ ਵਿਸ਼ੇਸ਼ਤਾ ਨਹੀਂ ਰੱਖਦੀ, ਬਲਕਿ ਇਸ ਦੇ ਦਾਰਸ਼ਨਿਕ ਪਾਸਾਰ ਵੀ ਮਨੁੱਖ ਦੀਆਂ ਮੂਲ ਸਮੱਸਿਆਵਾਂ ਦਾ ਪਰਦਾ ਖੋਲ੍ਹ ਕੇ ਉਸ ਦੇ ਆਤਮਿਕ ਸਰੋਕਾਰਾਂ ਦਾ ਨਿਰਦੇਸ਼ਨ ਕਰਦੇ ਹਨ। 'ਜਪੁਜੀ' ਦਾ ਪ੍ਰਵਚਨ ਸੱਚ ਦਾ ਪ੍ਰਵਚਨ ਹੈ। ਜੇਕਰ ਸੂਫ਼ੀ ਕਵਿਤਾ ਦੀ ਗੱਲ ਕੀਤੀ ਜਾਵੇ ਤਾਂ ਭਾਵੇਂ ਬਾਬਾ ਫ਼ਰੀਦ ਹੋਵੇ, ਭਾਵੇਂ ਸ਼ਾਹ ਹੁਸੈਨ ਅਤੇ ਜਾਂ ਫਿਰ ਬੁੱਲ੍ਹੇ ਸ਼ਾਹ ਸਾਰੇ ਸੂਫ਼ੀ ਕਵੀ ਹਾਕਮ ਜਮਾਤ ਦੇ ਕੂੜ ਪਾਸਾਰੇ ਤੇ ਦੰਭੀ ਚਰਿਤਰ ਦਾ ਡੱਟ ਕੇ ਵਿਰੋਧ ਕਰਦੇ ਹਨ। ਇੱਥੇ ਕੂੜ ਦੀ ਵਿਸਥਾਪਨਾ ਸੱਚ ਦੇ ਉਦੈ ਹੋਣ ਦੀਆਂ ਸੰਭਾਵਨਾਵਾਂ ਸਿਰਜਦੀ ਹੈ। ਇਸ ਤਰ੍ਹਾਂ ਮੱਧਕਾਲੀ ਕਵਿਤਾ ਦਾ ਸਮੁੱਚਾ ਵਿਸ਼ਾ ਮਨੁੱਖ ਦੇ ਸੱਚ ਨਾਲ਼ ਜੁੜਨ, ਸੰਬੰਧਿਤ ਹੋਣ ਜਾਂ ਸੱਚ ਵਿੱਚ ਆਤਮਸਾਤ ਹੋਣ ਦਾ ਦਾਰਸ਼ਨਿਕ ਤੇ ਬੌਧਿਕ ਪ੍ਰਗਟਾਵਾ ਹੈ। ਪ੍ਰਾਕਿਰਤਕ ਜੀਵ ਵਿਸ਼ੇਸ਼ਕਰ ਮਾਨਵ ਤੇ ਸੱਚ ਵਿਚਕਾਰ ਇੱਕ ਪਾੜ ਹੈ। ਇਸ ਪਾੜ ਨੂੰ ਪੂਰਨਾ ਹੀ ਮੱਧਕਾਲੀ ਕਵਿਤਾ ਦਾ ਵਿਸ਼ਾ ਹੈ।

ਕਿੱਸਾ-ਕਾਵਿ ਮੱਧਕਾਲੀ ਪੰਜਾਬੀ ਸਾਹਿਤ ਦੀ ਇੱਕ ਪ੍ਰਮੁੱਖ ਤੇ ਜ਼ੋਰਦਾਰ ਧਾਰਾ ਹੈ ਜਿਸ ਵਿੱਚ ਇਸ਼ਕ ਦੀ ਭਾਵਨਾ ਨੂੰ ਜ਼ੁਬਾਨ ਮਿਲੀ। ਮੂਲ ਰੂਪ ਵਿੱਚ ਇਸ਼ਕ ਮੱਧਕਾਲੀ ਕਿੱਸਾ-ਕਾਵਿ ਦਾ ਪ੍ਰਧਾਨ ਤੱਤ ਹੈ। ਮੱਧਕਾਲੀ ਕਾਵਿ ਵਿੱਚ ਇਸ਼ਕ ਯਥਾਰਥ ਤੋਂ ਆਦਰਸ਼ ਵੱਲ, ਧਰਤੀ ਤੋਂ ਆਕਾਸ਼ ਵੱਲ ਤੇ ਭੌਤਿਕਤਾ ਤੋਂ ਅਧਿਆਤਮਿਕਤਾ ਵੱਲ ਵਿਕਾਸ ਕਰਦਾ ਹੈ। ਕਿੱਸਾ-ਕਾਵਿ ਵਿੱਚ ਇਸ਼ਕ ਮਿਜ਼ਾਜੀ ਰੂਪ ਵਿੱਚ ਵੀ ਪੇਸ਼ ਹੋਇਆ ਹੈ ਅਤੇ ਇਸ਼ਕ ਦਾ ਹਕੀਕੀ ਰੂਪ ਵੀ ਇਸ ਵਿੱਚ ਵਿੱਦਮਾਨ ਹੈ। ਖ਼ਾਸ ਤੌਰ 'ਤੇ ਹੀਰ ਨਾਲ਼ ਸੰਬੰਧਿਤ ਕਾਵਿ ਇਸ਼ਕ ਨੂੰ ਯਥਾਰਥ ਤੋਂ ਆਦਰਸ਼ ਤੱਕ ਲੈ ਜਾਂਦਾ ਹੈ। ''ਵਾਰਿਸ ਨੇ ਆਪਣੇ ਕਿੱਸੇ ਵਿੱਚ ਪ੍ਰਮੁੱਖ ਗੱਲ ਇਸ਼ਕ ਬਾਰੇ ਕੀਤੀ ਹੈ। ਇਸ਼ਕ ਦਾ ਭੌਤਿਕ ਅਤੇ ਅਧਿਆਤਮਿਕ ਮਹੱਤਵ ਲਗਭਗ ਸਾਰੇ ਦੇਸ਼ਾਂ ਅਤੇ ਕੌਮਾਂ ਨੇ ਪ੍ਰਵਾਨ ਕੀਤਾ ਹੈ। ਸ਼ੁਰੂ ਵਿੱਚ ਭਾਵੇਂ ਯਥਾਰਥ ਦੀ ਭੂਮੀ ਤੋਂ ਇਸ਼ਕ ਦਾ ਆਰੰਭ ਹੁੰਦਾ ਹੈ, ਪਰ ਸਹਿਜੇ-ਸਹਿਜੇ ਉਸ ਦੀ ਨੁਹਾਰ ਆਦਰਸ਼-ਪ੍ਰਧਾਨ ਹੁੰਦੀ ਜਾਂਦੀ ਹੈ ਅਤੇ ਉਸ ਨੂੰ ਲੌਕਿਕ ਸੀਮਾਂ ਤੋਂ ਉੱਚਾ ਚੁੱਕ ਦਿੱਤਾ ਜਾਂਦਾ ਹੈ। ਵਾਰਿਸ ਨੇ ਤਾਂ ਆਪਣੇ ਕਿੱਸੇ ਦੇ ਆਰੰਭ ਵਿੱਚ ਹੀ ਇਸ਼ਕ ਨੂੰ ਜੱਗ ਦਾ ਮੂਲ ਮੰਨਿਆ ਹੈ ਅਤੇ ਇਸ ਨੂੰ ਆਦਰਸ਼ ਰੂਪ ਦਿੱਤਾ ਹੈ :

***''ਅਵਲ ਹਮਦ ਖ਼ੁਦਾ ਦਾ ਵਿਰਦ ਕੀਜੈ,***
***ਇਸ਼ਕ ਕੀਤਾ ਸੂ ਜਗ ਦਾ ਮੂਲ ਮੀਆਂ।***
***ਪਹਿਲਾਂ ਆਪ ਹੀ ਰੱਬ ਨੇ ਇਸ਼ਕ ਕੀਤਾ,***
***ਤੇ ਮਾਸ਼ੂਕ ਹੈ ਨਬੀ ਰਸੂਲ ਮੀਆਂ।***
***ਇਸ਼ਕ ਪੀਰ ਫ਼ਕੀਰ ਦਾ ਮਰਤਬਾ ਹੈ,***
***ਮਰਦ ਇਸ਼ਕ ਦਾ ਭਲਾ ਰੰਜੂਲ ਮੀਆਂ।***
***ਖੁੱਲੇ ਤਿੰਨਾਂ ਦੇ ਬਾਬ ਕਲੂਬ ਅੰਦਰ,***
***ਜਿਨ੍ਹਾਂ ਕੀਤਾ ਹੈ ਇਸ਼ਕ ਕਬੂਲ ਮੀਆਂ।''*** (3)

ਇਸ ਤਰ੍ਹਾਂ ਮੱਧਕਾਲੀ ਪੰਜਾਬੀ ਕਵਿਤਾ ਵਿੱਚ ਇਸ਼ਕ ਦੇ ਪ੍ਰਸੰਗ ਰਾਹੀਂ ਅਧਿਆਤਮਿਕਤਾ ਅਤੇ ਰੱਬ ਦੀ ਬੰਦਗੀ ਨੂੰ ਪੇਸ਼ ਕੀਤਾ ਗਿਆ ਹੈ। ਅਸਲ ਵਿੱਚ ਇਸ਼ਕ ਮਿਜ਼ਾਜੀ ਮੱਧਕਾਲੀ ਕਾਵਿ ਵਿੱਚ ਇਸ਼ਕ ਹਕੀਕੀ ਤੱਕ ਪਹੁੰਚਣ ਦੀ ਇੱਕ ਵਿਧੀ ਤੇ ਜੁਗਤ ਹੈ।

ਮੱਧਕਾਲੀ ਪੰਜਾਬੀ ਕਾਵਿ ਵਿੱਚ ਬੀਰ ਰਸੀ ਕਾਵਿ ਦੀ ਸਿਰਜਣਾ ਵੀ ਇੱਕ ਪ੍ਰਮੁੱਖ ਵਿਸ਼ੇ ਵਜੋਂ ਉੱਭਰ ਕੇ ਸਾਹਮਣੇ ਆਉਂਦੀ ਹੈ। ''ਪੰਜਾਬ ਆਪਣੀ ਭੂਗੋਲਿਕ ਸਥਿਤੀ ਕਰ ਕੇ ਸਦਾ ਹੀ ਮੁਸਲਮਾਨ ਹਮਲਾਵਰਾਂ ਦੇ ਰਸਤੇ ਵਿੱਚ ਪੈਂਦਾ ਸੀ। ਭਾਰਤ ਭੂਮੀ ਨੂੰ ਜਿੱਤਣ ਲਈ ਹਰ ਵਿਦੇਸ਼ੀ ਜਰਵਾਣਾ ਪਹਿਲਾਂ ਪੰਜਾਬ ਦੀ ਸੋਨ ਸੁਨਹਿਰੀ ਧਰਤੀ ਨੂੰ ਲਿਤਾੜਦਾ ਅਤੇ ਫਿਰ ਭਾਰਤ ਨੂੰ ਲੁੱਟਦਾ ਜਾਂ ਰਾਜ ਸਥਾਪਿਤ ਕਰਦਾ। ਇਸ ਨਿੱਤ ਦੀ ਮੁਹਿਮਬਾਜ਼ੀ ਨੇ ਪੰਜਾਬ ਦੇ ਲੋਕਾਂ ਦਾ ਸੁਭਾ ਹੀ ਬਦਲ ਦਿੱਤਾ। ਉਹ ਸਦਾ ਮੁਸੀਬਤਾਂ ਸਹਿਣ ਲਈ ਤਿਆਰ ਰਹਿਣ ਲੱਗੇ। ਉਨ੍ਹਾਂ ਦੀ ਬੀਰ ਭਾਵਨਾ ਨੂੰ ਸੁਚੱਜੇ ਰੂਪ ਵਿੱਚ ਜਗਾਈ ਰੱਖਣ ਲਈ ਬੀਰ ਰਸੀ ਸਾਹਿਤ ਦੀ ਭਰਪੂਰ ਰਚਨਾ ਹੋਣ ਲੱਗੀ ਅਤੇ ਇਸ ਦਾ ਪ੍ਰਮੁੱਖ ਕਾਵਿ-ਰੂਪ 'ਵਾਰ' ਹੋਂਦ ਵਿੱਚ ਆਇਆ।''(4) ਮੱਧਕਾਲ ਵਿੱਚ ਅਧਿਆਤਮਕ ਪ੍ਰਵਿਰਤੀ ਪ੍ਰਮੁੱਖ ਹੋਣ ਕਾਰਨ ਅਧਿਆਤਮਕ ਵਾਰਾਂ ਵੀ ਲਿਖੀਆਂ ਗਈਆਂ ਅਤੇ ਦੁਨੀਆਵੀ ਵਾਰਾਂ ਵੀ। ਇਸ ਕਾਲ ਵਿੱਚ ਰਚੀ ਗਈ ਗੁਰੂ ਗੋਬਿੰਦ ਸਿੰਘ ਜੀ ਦੀ 'ਚੰਡੀ ਦੀ ਵਾਰ' ਸਮੁੱਚੇ ਪੰਜਾਬੀ ਸਾਹਿਤ ਦੀ ਸਭ ਤੋਂ ਉੱਤਮ ਵਾਰ ਹੈ। ਮੱਧਕਾਲੀ ਕਾਵਿ ਵਿੱਚ ਯੁੱਧ ਵਰਣਨ ਇੱਕ ਵਾਰ ਤਾਂ ਕਮਜ਼ੋਰ ਜਿਹੇ ਵਿਅਕਤੀ ਵਿੱਚ ਵੀ ਬੀਰਤਾ ਦਾ ਜੋਸ਼ ਪੈਦਾ ਕਰ ਦਿੰਦਾ ਹੈ। ਇਸ ਕਾਲ ਦਾ ਬੀਰ ਰਸੀ ਕਾਵਿ ਨਿਰਾ ਬੀਰ ਰਸ ਦਾ ਹੀ ਸੰਚਾਰ ਨਹੀਂ ਕਰਦਾ ਸਗੋਂ ਆਪਣੇ ਕਾਵਿਕ ਗੁਣਾਂ ਕਰਕੇ ਵੀ ਉੱਘਾ ਹੈ।

ਮੱਧਕਾਲੀ ਸਮੁੱਚੀ ਕਵਿਤਾ ਵਿੱਚ ਤਣਾਓ ਵਿਭਿੰਨ ਰੂਪਾਂ ਵਿੱਚ ਵਿਆਪਕ ਹੈ। ਮੱਧਕਾਲ ਦਾ ਤਣਾਓ ਆਧੁਨਿਕ ਕਵਿਤਾ ਦੇ ਤਣਾਓ ਨਾਲ਼ੋਂ ਸੁਭਾਅ ਪੱਖੋਂ ਕੁਝ ਵੱਖਰਾ ਹੈ। ਜਿੱਥੇ ਆਧੁਨਿਕ ਕਵਿਤਾ ਦਾ ਤਣਾਓ ਅੰਤਰਮੁਖੀ ਹੈ ਉੱਥੇ ਮੱਧਕਾਲੀ ਕਵਿਤਾ ਦਾ ਤਣਾਓ ਬਾਹਰਮੁਖੀ ਹੈ। ਮੱਧਕਾਲੀ ਕਾਵਿ ਦਾ ਤਣਾਓ ਨਿਮਨਲਿਖਤ ਸੂਤਰਾਂ ਵਿੱਚ ਵਿਆਪਕ ਹੈ :

(1) ਸਤਿ ਅਤੇ ਕੂੜ ਦਾ ਤਣਾਓ
(2) ਵਿਅਕਤੀ ਅਤੇ ਸਮਾਜ ਦਾ ਤਣਾਓ
(3) ਮਰਮ ਅਤੇ ਕਰਮ ਦਾ ਤਣਾਓ

ਸਤਿ ਅਤੇ ਕੂੜ ਦਾ ਵਿਰੋਧ ਮੁੱਖ ਰੂਪ ਵਿੱਚ ਅਧਿਆਤਮਿਕ ਕਾਵਿ ਵਿੱਚ ਪੇਸ਼ ਹੁੰਦਾ ਹੈ। ਜਿੱਥੇ ਗਰਮਤਿ ਕਾਵਿ ਵਿੱਚ ਇਹ ਵਿਰੋਧ ਗੁਰਮੁਖ ਅਤੇ ਮਨਮੁਖ ਦੀ ਟੱਕਰ ਰਾਹੀਂ ਪ੍ਰਗਟ ਹੁੰਦਾ ਹੈ ਉੱਥੇ ਸੂਫ਼ੀ ਕਾਵਿ ਮੁਰਸ਼ਦ ਦੀ ਪਨਾਹ ਵਿੱਚ 'ਇਸ਼ਕ ਖ਼ੁਦਾਇ ਵਿੱਚ ਰੱਤੇ ਸੱਚਿਆਂ ਅਤੇ ਨਾਸ਼ਮਾਨ ਸੰਸਾਰ ਵਿੱਚ ਗ਼ਲਤਾਨ ਕੱਚਿਆਂ ਦੇ ਫ਼ਰਕ ਨੂੰ ਰੂਪਮਾਨ ਕਰਦਾ ਹੈ। ਪ੍ਰੀਤ ਦੇ ਕਿੱਸਿਆ ਵਿੱਚ ਵਿਅਕਤੀ ਅਤੇ ਸਮਾਜ ਦੇ ਅੰਤਰ-ਵਿਰੋਧਾਂ ਦਾ ਤਣਾਓ ਸਿਰਜਿਆ ਗਿਆ ਹੈ। ਕਿੱਸਾਕਾਰਾਂ ਦੁਆਰਾ ਸਿਰਜੇ ਪ੍ਰੀਤ-ਨਾਇਕ ਸਮਾਜਿਕ ਸਥਾਪਤੀ ਦੇ ਦਬਾਊ ਪ੍ਰਤਿਮਾਨਾਂ ਨੂੰ ਅਪ੍ਰਵਾਨ ਕਰ ਕੇ ਇਨ੍ਹਾਂ ਵਿਰੁੱਧ ਜਦੋ-ਜਹਿਦ ਕਰਦੇ ਹਨ। ਭਾਵੇਂ ਇਹ ਨਾਇਕ ਆਪਣੀ ਸੁਤੰਤਰਤਾ ਲਈ ਜੂਝਦੇ ਤ੍ਰਾਸਦਿਕ ਹੋਣੀ ਨੂੰ ਪ੍ਰਵਾਨ ਚੜ੍ਹਦੇ ਹਨ ਪਰੰਤੂ ਸਥਾਪਿਤ ਪ੍ਰਤਿਮਾਨਾਂ ਅੱਗੇ ਈਨ ਨਹੀਂ ਮੰਨਦੇ। ਕਰਨੈਲ ਸਿੰਘ ਦੇ ਸ਼ਬਦਾਂ ਵਿੱਚ,

''ਧਿਆਨਯੋਗ ਨੁਕਤਾ ਇਹ ਹੈ ਕਿ ਇਸ਼ਕ-ਅਨੁਭਵ ਨੂੰ ਕਾਵਿਕ ਅਭਿਵਿਅਕਤੀ ਪ੍ਰਦਾਨ ਕਰਨ ਸਮੇਂ ਇਨ੍ਹਾਂ ਕਿੱਸਾ-ਕਵੀਆਂ ਨੇ ਆਸ਼ਿਕ ਮਨੁੱਖ ਦੀ ਉਸ ਮਰਯਾਦਾ ਪ੍ਰਤਿ ਤਿੱਖੀ ਵਿਰੋਧ ਭਾਵਨਾ ਪੇਸ਼ ਕੀਤੀ ਹੈ, ਜਿਹੜੀ ਉਸ ਦੇ ਆਤਮ-ਸੁਤੰਤਰ ਵਿਅਕਤਿਤ੍ਵ ਦੇ ਰਾਹ ਵਿੱਚ ਗੰਭੀਰ ਸਮੱਸਿਆ ਬਣ ਕੇ ਖੜ੍ਹੀ ਹੈ ਅਤੇ ਆਪਣੇ ਅਜਿਹੇ ਵਿਰੋਧ ਨੂੰ ਕਿਸੇ ਵੀ ਸਥਿਤੀ ਵਿੱਚ ਢਿੱਲਾ ਨਹੀਂ ਹੋਣ ਦਿੱਤਾ।'' (5)

ਇਸੇ ਤਰ੍ਹਾਂ ਗੁਰਮਤਿ ਅਤੇ ਸੂਫ਼ੀ ਕਾਵਿ ਮਰਮ ਅਤੇ ਕਰਮ ਦਾ ਤਣਾਓ ਪੇਸ਼ ਕਰਦੇ ਹਨ। ਇਸ ਤਣਾਓ ਦਾ ਮੁੱਖ ਮਕਸਦ ਪਾਖੰਡ ਤੇ ਦੰਭ ਦੀ ਵਿਸਥਾਪਨਾ ਅਤੇ ਤੱਤ-ਗਿਆਨ ਦੀ ਸਥਾਪਨਾ ਹੈ। ਇਸ ਤੋਂ ਇਲਾਵਾ ਮੱਧਕਾਲੀ ਕਵਿਤਾ ਵਿੱਚ ਨੈਤਿਕਤਾ ਤੇ ਬਿਰਹਾ ਵੀ ਪ੍ਰਮੁੱਖ ਵਿਸ਼ੇ ਵਜੋਂ ਉੱਭਰ ਕੇ ਸਾਹਮਣੇ ਆਉਂਦੇ ਹਨ।

***ਹਵਾਲੇ :***

*(1) ਸਿੰਘ, ਪ੍ਰੋ. ਕਿਸ਼ਨ : ਪੰਜਾਬੀ ਸੂਫ਼ੀ ਕਾਵਿ ਪ੍ਰਵਚਨ, ਪੰਨਾ 129-130. (2) ਸਿੰਘ, ਡਾ. ਜਗਜੀਤ : ਉਹੀ, ਪੰਨਾ 12. (3) ਜੱਗੀ, ਡਾ. ਰਤਨ ਸਿੰਘ : ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ ਦੂਜਾ), ਪੰਨਾ 25-26. (4) ਉਹੀ, ਪੰਨਾ 39. (5) ਸਿੰਘ, ਕਰਨੈਲ : ਪੰਜਾਬੀ ਕਿੱਸਾ-ਕਾਵਿ ਦਾ ਵਿਚਾਰਧਾਰਕ ਪੱਖ, ਪੰਨਾ 52.*

UGC Approved Journal
Research Link

Since March 2002

An International, Registered & Refereed Monthly Journal :

Punjabi Literature

Research Link - 168, Vol - XVII (1), March - 2018, Page No. 138-140

ISSN - 0973-1628 ■ RNI - MPHIN-2002-7041 ■ Impact Factor - 2015 - 2.782

# ਗ਼ਜ਼ਲ ਦਾ ਸੁਹਜ ਸ਼ਾਸਤਰੀ ਅਧਿਐਨ ਮਾਡਲ

*ਸੁਹਜ ਸਿਰਜਣਾ ਨੂੰ ਕਲਾ ਦਾ ਪ੍ਰਾਥਮਿਕ ਉਦੇਸ਼ ਮੰਨਣ ਤੋਂ ਲੈ ਕੇ ਸੁਹਜ ਸਿਰਜਣ 'ਚ ਸਹਾਈ ਤੱਤਾਂ ਦੇ ਵਿਵਰਣ ਦਾ ਵਿਸ਼ਾਲ ਚਿੰਤਨ ਇਸ ਸੰਦਰਭ ਵਿਚ ਵੇਖਿਆ ਜਾ ਸਕਦਾ ਹੈ। ਸਮੁੱਚੇ ਸੁਹਜ ਸ਼ਾਸਤਰੀ ਚਿੰਤਨ ਦੀ ਇਹ ਅਨੂਠੀ ਪ੍ਰਾਪਤੀ ਮੰਨੀ ਜਾ ਸਕਦੀ ਹੈ ਕਿ ਇਸ ਦੇ ਅੰਤਰਗਤ ਸੁਹਜ ਸਿਰਜਣਾ ਤੋਂ ਸੁਹਜ ਬੋਧ ਤਕ ਦੇ ਸਾਰੇ ਵਰਤਾਰੇ ਨੂੰ ਕਲਾਵੇ ਵਿਚ ਲਿਆ ਗਿਆ ਅਤੇ ਕਲਾ ਦੇ ਵੱਖ ਵੱਖ ਰੂਪਾਂ ਦੇ ਆਧਾਰ 'ਤੇ ਸੁਹਜ ਨਿਰਮਾਣ ਦੇ ਮਾਪਦੰਡ ਤੈਅ ਕੀਤੇ ਗਏ। ਪ੍ਰਾਪਤ ਸੁਹਜ ਸ਼ਾਸਤਰੀ ਅਧਿਐਨ ਦੀ ਇਸੇ ਉਪਲਬਧੀ ਕਾਰਨ ਅਸੀਂ ਗ਼ਜ਼ਲ ਦੇ ਸੁਹਜ ਸ਼ਾਸਤਰੀ ਅਧਿਐਨ ਮਾਡਲ ਦੀ ਰੂਪ ਰੇਖਾ ਤੈਅ ਕਰ ਸਕਣ ਵਿਚ ਸਫ਼ਲ ਹੋਏ ਹਾਂ।*

**ਡਾ. ਜਗਦੀਪ ਸਿੰਘ**

ਹਰ ਸਾਹਿਤਕ ਵਿਧਾ ਦੇ ਕੁਝ ਕਾਵਿ-ਸ਼ਾਸਤ੍ਰੀ ਨੇਮ ਹੁੰਦੇ ਹਨ। ਇਹ ਨੇਮ ਉਸ ਵਿਧਾ ਦੇ ਪਾਠ ਦੀ ਪੜ੍ਹਤ ਨੂੰ ਲੈ ਕੇ ਪਾਠਕ ਦੇ ਮਨ ਵਿਚ ਕੁਝ ਪੂਰਵ-ਆਗ੍ਰਹਿ ਪੈਦਾ ਕਰਦੇ ਹਨ। ਦਰਅਸਲ ਇਹ ਕਾਵਿ-ਸ਼ਾਸਤ੍ਰੀ ਨੇਮ ਹੀ ਉਸ ਵਿਧਾ ਦੀ ਅੰਤਰਿਕ ਸੁਹਜ ਸੰਰਚਨਾ ਦਾ ਆਧਾਰ ਬਣਦੇ ਹਨ। ਜਿਵੇਂ ਨਾਵਲ ਪੜ੍ਹਦੇ ਸਮੇਂ ਕਿਸੇ ਇਤਿਹਾਸਕ ਕਾਲ-ਖੰਡ ਵਿਚ ਵਾਪਰੀਆਂ ਕੁਝ ਘਟਨਾਵਾਂ, ਕੁਝ ਪਾਤਰਾਂ ਦੇ ਪ੍ਰਸੰਗ ਵਿੱਚ ਬਿਰਤਾਂਤ ਦੇ ਮਾਧਿਅਮ ਰਾਹੀਂ ਪੇਸ਼ ਹੁੰਦੀਆਂ ਹਨ ਅਤੇ ਨਾਵਲ ਦੀ ਪੜ੍ਹਤ ਸਮੇਂ ਪਾਠਕ ਦੇ ਮਨ ਵਿਚ ਉਸ ਕਾਲ ਖੰਡ ਨੂੰ ਲੈ ਕੇ ਸੁਖਾਂਤ/ਦੁਖਾਂਤ ਦਾ ਇਕ ਸੁਹਜਾਤਮਕ ਮਾਡਲ ਉਸਰਦਾ ਜਾਂਦਾ ਹੈ। ਗ਼ਜ਼ਲ ਅਰਬੀ-ਫ਼ਾਰਸੀ ਅਤੇ ਉਰਦੂ ਰਾਹੀਂ ਪੰਜਾਬੀ ਵਿਚ ਆਇਆ ਇਕ ਅਜਿਹਾ ਕਾਵਿ ਰੂਪਾਕਾਰ ਹੈ ਜਿਸਦੀ ਰਚਨਾ ਵਿਚ ਕੁਝ ਬਾਹਰ ਵਰਤੀ ਨੇਮ ਜਿਵੇਂ ਬਹਿਰ, ਕਾਫ਼ੀਆ, ਰਦੀਫ਼, ਅੱਖਰਾਂ ਦੀ ਵਜ਼ਨਕਾਰੀ ਆਦਿ ਸੰਗਠਿਤ ਰੂਪ ਵਿਚ ਪ੍ਰਭਾਵੀ ਰਹਿੰਦੇ ਹਨ ਅਤੇ ਇਹੀ ਕਾਰਨ ਹੈ ਕਿ ਕੁਝ ਲੋਕਾਂ ਨੇ ਤਾਂ ਇਨ੍ਹਾਂ ਨਿਯਮਾਂ ਨੂੰ ਗ਼ਜ਼ਲ ਰਚਨਾ ਦਾ ਅਟੁੱਟ ਅੰਗ ਵੀ ਸਵੀਕਾਰ ਕੀਤਾ ਹੈ।

ਗ਼ਜ਼ਲ ਵਿੱਚ ਪੇਸ਼ ਵਿਸ਼ਾ ਇਸਦੇ ਬਾਹਰਵਰਤੀ ਗੁਣਾਂ ਦੇ ਅਧੀਨ ਹੋ ਕੇ ਆਉਂਦਾ ਹੈ। ਇਹ ਗੁਣ ਪੂਰੀ ਤਰ੍ਹਾਂ ਨਾਲ ਗ਼ਜ਼ਲ ਵਿਚ ਸੰਚਾਰਿਤ ਵਿਸ਼ਿਆਂ ਉੱਤੇ ਕਾਬਜ਼ ਰਹਿੰਦੇ ਹਨ। ਵਿਸ਼ੇ ਇਨ੍ਹਾਂ ਬਾਹਰੀ ਗੁਣਾਂ ਦੇ ਸਾਏ ਹੇਠ ਹੀ ਵਿਗਸਦੇ ਹਨ। ਗ਼ਜ਼ਲ ਸਿਰਜਣਾ ਵਿਧੀ ਵਿਚ ਇਨ੍ਹਾਂ ਨੂੰ ਗ਼ਜ਼ਲ ਦੇ ਮੁੱਖ ਤੱਤਾਂ ਵਜੋਂ ਸਵੀਕ੍ਰਿਤੀ ਮਿਲੀ ਹੋਈ ਹੈ। ਇਹੀ ਨਹੀਂ 'ਕਾਫ਼ੀਏ' ਨੂੰ ਤਾਂ ਗ਼ਜ਼ਲ ਦਾ ਮੂਲ ਮੰਨਿਆ ਗਿਆ ਹੈ। ਇਹ ਗ਼ਜ਼ਲ ਦਾ ਅਜਿਹਾ ਤੱਤ ਹੈ ਜਿਹੜਾ ਸੁਹਜ ਸੰਚਾਰ ਦੇ ਪੱਖ ਤੋਂ ਕੇਂਦਰੀ ਮਹੱਤਵ ਵਾਲਾ ਹੈ। ਮੁੱਕਦਮ-ਏ-ਸ਼ਿਅਰੋ ਸ਼ਾਇਰੀ ਦੇ ਕਰਤਾ ਮੌਲਾਨਾ ਅਲਤਾਫ਼ ਹੁਸੈਨ 'ਪਾਣੀਪਤੀ' ਅਨੁਸਾਰ ਗ਼ਜ਼ਲ ਦੀ ਤਾਸੀਰ ਦੀ ਇਹ ਵਿਸ਼ੇਸ਼ਤਾ ਹੈ ਕਿ ਹਰ ਸ਼ਿਅਰ ਦਾ ਪਹਿਲਾ ਮਿਸਰਾ ਇੱਕ ਰਹੱਸ ਜਾਂ ਭੇਤ ਸਿਰਜਦਾ ਹੈ ਅਤੇ ਦੂਸਰਾ ਮਿਸਰਾ ਉਸ ਭੇਤ ਤੋਂ ਪਰਦਾ ਚੁੱਕਦਾ ਹੈ।(1) ਇਸ ਕਾਰਜ ਵਿੱਚ ਸਭ ਤੋਂ ਮਹੱਤਵਪੂਰਨ ਭੂਮਿਕਾ ਕਾਫ਼ੀਏ ਦੀ ਹੁੰਦੀ ਹੈ। ਸੋ ਗ਼ਜ਼ਲ ਦਾ ਸੁਹਜ ਸੰਚਾਰ ਇਸੇ ਰਚਨਾਤਮਕ ਤੱਤਾਂ ਨਾਲ ਇਕਸੁਰ ਹੋਇਆ ਪਿਆ ਹੈ।

ਇਸ ਤੋਂ ਬਿਨਾਂ ਕੁਝ ਮਾਰਕਸਵਾਦੀ ਚਿੰਤਕ, ਮਾਰਕਸਵਾਦੀ ਸੁਹਜ ਸ਼ਾਸਤਰ ਦਾ ਨਿਰਧਾਰਨ ਕਰਦੇ ਸਮੇਂ ਰਚਨਾਕਾਰ ਦੇ ਸਮਵਿੱਥ ਵਿਚਰਦੀਆਂ ਸਥਿਤੀਆਂ ਨੂੰ ਵੀ ਮਹੱਤਵਪੂਰਨ ਮੰਨਦੇ ਹਨ। ਮਾਰਕਸਵਾਦੀ ਵਿਚਾਰਧਾਰਾ ਅਤੇ ਦਰਸ਼ਨ ਦੇ ਆਧਾਰ ਸਰੂਪ ਵਜੋਂ 'ਮਾਰਕਸਵਾਦੀ ਸਾਹਿਤ ਆਲੋਚਨਾ ਵਿੱਚ ਸਾਹਿਤ ਦਾ ਵਿਸ਼ਲੇਸ਼ਣ ਉਨ੍ਹਾਂ ਇਤਿਹਾਸਕ ਪਰਿਸਥਿਤੀਆਂ ਦੇ ਪ੍ਰਸੰਗ ਵਿੱਚ ਕੀਤਾ ਜਾਂਦਾ ਹੈ, ਜਿਹੜੀਆਂ ਇਸਦੀ ਹੋਂਦ ਨੂੰ ਜਨਮ ਦਿੰਦੀਆਂ ਹਨ।(2) ਇਸ ਕਰਕੇ ਮਾਰਕਸਵਾਦੀ ਸੁਹਜ ਸ਼ਾਸਤ੍ਰੀ ਕਿਸੇ ਸਾਹਿਤਕ ਟੈਕਸਟ ਦਾ ਮੁਲੰਕਣ ਕਰਦੇ ਸਮੇਂ ਉਸਦੇ ਰੂਪ ਵਿਧਾਨ ਦਾ ਅਧਿਐਨ ਕਰਕੇ, ਉਸਦਾ ਵਸਤੂ ਨਾਲ ਨਜ਼ਦੀਕੀ ਸਬੰਧ ਕਾਇਮ ਕਰਨ ਦੀ ਚੇਸ਼ਠਾ ਕਰਦੇ ਹਨ।

ਸਾਹਿਤ ਵਿੱਚ ਸਮਾਜਿਕ ਸਰੋਕਾਰਾਂ ਨੂੰ ਵਸਤੂ ਬਣਾਉਣ ਦੇ ਅਮਲ ਨੂੰ ਹਰ ਮਾਰਕਸਵਾਦੀ ਸਾਹਿਤਕਾਰ ਇਕ 'ਕ੍ਰਮਿੱਟਮੈਂਟ' ਵਜੋਂ ਲੈਂਦਾ ਹੈ। ਇਸੇ ਕਰਕੇ ਕਿਸੇ ਸਾਹਿਤਕਾਰ ਦੇ ਅਵਚੇਤਨ ਵਿਚ ਪਏ ਮਾਰਕਸਵਾਦੀ ਦ੍ਰਿਸ਼ਟੀ ਦੇ ਵਿਚਾਰਧਾਰਕ ਪ੍ਰਸੰਗ, ਉਸਦੀ ਅੰਤਰਮੁਖਤਾ ਤੋਂ ਨਿਜਾਤ ਦਿਵਾਉਣ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ ਜਿਹੜੇ ਉਸ ਲਈ ਸਾਹਿਤ ਸਿਰਜਣਾ ਦਾ ਆਧਾਰ ਬਣੇ ਹੁੰਦੇ ਹਨ। ਇਸ ਦਾ ਅਰਥ ਭਾਵੇਂ 'ਅੰਤਰਮੁਖਤਾ ਤੋਂ ਪਲਾਇਨ' ਨਹੀਂ ਹੁੰਦਾ ਪਰੰਤੂ ਇਹ ਭਾਵੁਕਤਾ ਤੋਂ ਤਰਕ ਵਲ ਜਾਣ ਦਾ ਇਕ ਯਤਨ ਜ਼ਰੂਰ ਹੁੰਦਾ ਹੈ। ਦਰਅਸਲ ਇਹੀ ਉਹ ਤੱਤ ਹੈ ਜੋ ਸਾਹਿਤਕਾਰਾਂ ਨੂੰ 'ਦੂਜੇ ਜਗਤ ਵਲ' ਵੇਖਣ ਲਈ ਪ੍ਰੇਰਦਾ ਹੈ। ਜੇਕਰ ਅਜਿਹਾ ਨਾ ਹੁੰਦਾ ਤਾਂ ਸ਼ਾਇਦ ਜਗਤਾਰ 'ਮੈਂ ਤੇਰੇ ਦਿਲ ਤੋਂ ਹਾਂ ਭਾਵੇਂ ਗਰਦ ਵਾਂਗੂੰ ਲਹਿ ਗਿਆ' ਤੋਂ 'ਤੁਸੀਂ ਦੱਸੋ ਇਹ ਪਹਿਲਾਂ ਤੋਂ ਕਿਵੇਂ ਵੱਖਰੀ ਸਦੀ ਹੈ' ਤਕ ਦਾ ਸਫ਼ਰ ਤੈਅ ਨਾ ਕਰ ਸਕਦਾ।

ਪੰਜਾਬੀ ਗ਼ਜ਼ਲ ਦੇ ਸੁਹਜ ਸ਼ਾਸਤਰੀ ਅਧਿਐਨ ਦੌਰਾਨ ਉਸ ਸਾਰੇ ਪਰਿਪੇਖ ਨੂੰ ਧਿਆਨ ਵਿਚ ਰੱਖਣਾ ਪਵੇਗਾ, ਜਿਹੜਾ ਇਕ ਵਿਧਾ ਦੇ ਸਿਰਜਣਾਤਮਕ ਨਿਯਮਾਂ ਦੇ ਰੂਪ ਵਿਚ ਅਰਬੀ ਗ਼ਜ਼ਲ ਅਤੇ ਉਸ ਰਵਾਇਤੀ ਪ੍ਰਵਚਨ ਦੇ ਰੂਪ ਵਿਚ ਪੰਜਾਬੀ ਗ਼ਜ਼ਲ ਨਾਲ ਜੁੜਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪਹਿਲਾਂ ਪਹਿਲ ਪੰਜਾਬੀ ਵਿਚ

*ਖੰਨਾ – ਲੁਧਿਆਣਾ (ਪੰਜਾਬ)*

ਲਿਖੀ ਜਾਣ ਵਾਲੀ ਗ਼ਜ਼ਲ ਇਸਲਾਮੀ ਪਿੱਠਭੂਮੀ ਵਾਲੇ ਉਨ੍ਹਾਂ ਸ਼ਾਇਰਾਂ ਦੀ ਰਚਨਾ ਸੀ ਜਿਹੜੇ ਕਿੱਸਿਆਂ ਦੇ ਰੂਪ ਵਿਚ ਕਾਵਿ-ਸਿਰਜਣਾ ਕਰਦੇ ਸਨ। ਇਨ੍ਹਾਂ ਵਿੱਚੋਂ ਸ਼ਾਹ ਮੁਰਾਦ ਅਤੇ ਮੀਆਂ ਮੁਹੰਮਦ ਬਖ਼ਸ਼ ਦਾ ਨਾਮ ਪ੍ਰਮੁੱਖਤਾ ਨਾਲ ਵਿਚਾਰਿਆ ਜਾ ਸਕਦਾ ਹੈ। ਮੁਹੰਮਦ ਬਖ਼ਸ਼ ਆਪਣੇ ਵੱਡ-ਆਕਾਰੀ ਕਿੱਸੇ 'ਸੈਫ਼ ਮਲੂਕ' ਵਿੱਚ ਕੁਝ ਗ਼ਜ਼ਲਾਂ ਇੱਕ ਪਾਤਰ ਦੇ ਮੂੰਹੋਂ ਅਖਵਾਉਂਦਾ ਵੇਖਿਆ ਜਾ ਸਕਦਾ ਹੈ।[3] ਮੁਹੰਮਦ ਬਖ਼ਸ਼ ਦੀਆਂ ਇਨ੍ਹਾਂ ਗ਼ਜ਼ਲਾਂ ਨੂੰ ਪੰਜਾਬੀ ਦੀਆਂ ਪਹਿਲੀਆਂ ਗ਼ਜ਼ਲਾਂ ਅਤੇ ਮੁਹੰਮਦ ਬਖ਼ਸ਼ ਨੂੰ ਪੰਜਾਬੀ ਵਿੱਚ ਗ਼ਜ਼ਲ ਕਹਿਣ ਵਾਲਾ ਪਹਿਲਾ ਸ਼ਾਇਰ ਮੰਨਣ ਵਾਲਿਆਂ ਦੀ ਵੀ ਕੋਈ ਕਮੀ ਨਹੀਂ ਹੈ। ਇਸ ਤੋਂ ਬਿਨ੍ਹਾਂ ਉੱਤਰ-ਮੁਗ਼ਲ ਕਾਲ ਦੇ ਇਸਲਾਮੀ ਸਭਿਆਚਾਰ ਵਿਚ ਵਲੀ ਦੱਕਿਨੀ ਅਤੇ ਸਾਅਦਤ ਯਾਰ ਖ਼ਾਂ 'ਰੰਗੀਨ' ਤੋਂ ਬਿਨਾਂ ਵੀਹਵੀਂ ਸਦੀ ਦੇ ਪਹਿਲੇ ਦਹਾਕਿਆਂ ਵਿੱਚ ਗ਼ੁਲਾਮ ਫ਼ਰੀਦ ਨੇ ਵੀ ਬਹੁਤ ਸਾਰੀਆਂ ਗ਼ਜ਼ਲਾਂ ਲਿਖੀਆਂ, ਪਰ ਪੰਜਾਬੀ ਵਿਚ ਵਿਧੀਗਤ ਤੌਰ 'ਤੇ ਗ਼ਜ਼ਲ ਦਾ ਆਗ਼ਾਜ਼ ਮੌਲਾ ਬਖ਼ਸ਼ ਕੁਸ਼ਤਾ ਨਾਲ ਹੁੰਦਾ ਹੈ। ਸੰਨ 1903 ਈਸਵੀ ਵਿੱਚ ਉਸਦਾ ਦੀਵਾਨ ਪ੍ਰਕਾਸ਼ਿਤ ਹੁੰਦਾ ਹੈ। ਇਹ ਦੀਵਾਨ ਕੁਝ ਮਾਅਨਿਆਂ ਤੋਂ ਪੰਜਾਬੀ ਵਿੱਚ ਗ਼ਜ਼ਲ ਦੀ ਸਥਾਪਨਾ ਅਤੇ ਉਸਦੇ ਸੁਹਜ ਦੇ ਮਸਲੇ ਨਿਰਧਾਰਿਤ ਕਰਨ ਲਈ ਬਹੁਤ ਮਹੱਤਵਪੂਰਨ ਪੁਸਤਕ ਹੈ। ਕੁਸ਼ਤਾ ਦੀ ਗ਼ਜ਼ਲ ਨੂੰ ਉਸਦੇ ਉਸ ਰਾਜਸੀ ਪੈਂਤੜੇ ਤੋਂ ਅਲੱਗ ਕਰਕੇ ਨਹੀਂ ਵੇਖਿਆ ਜਾ ਸਕਦਾ, ਜਿਹੜਾ ਉਹ ਇਕ ਪੰਜਾਬੀ ਮੁਸਲਮਾਨ ਹੋਣ ਦੇ ਨਾਅਤੇ ਆਪਣੀ ਸਾਹਿਤ ਇਤਿਹਾਸ ਦੀ ਪੁਸਤਕ 'ਪੰਜਾਬ ਦੇ ਹੀਰੇ' ਵਿਚ ਵਰਤਦਾ ਹੈ। ਉਹ ਲਿਖਦਾ ਹੈ: ਬਾਬਾ ਫ਼ਰੀਦ ਹੀ ਪਹਿਲੇ ਅਜਿਹੇ ਸ਼ਖ਼ਸ ਸਨ ਜਿਨ੍ਹਾਂ ਨੇ ਆਪਣੇ ਖਿਆਲ ਪੰਜਾਬੀ ਵਿਚ ਪ੍ਰਗਟ ਕੀਤੇ। ਮਾਨੋ ਪੰਜਾਬੀ ਦੀ ਨੀਂਹ ਆਪਦੇ ਹੱਥੋਂ ਰੱਖੀ ਗਈ। ਆਪ ਦੇ ਬਾਅਦ ਬਹੁਤੇਰੇ ਮੁਸਲਮਾਨਾਂ ਨੇ ਪੰਜਾਬੀ ਸ਼ਾਇਰੀ ਵਿਚ ਕਿਤਾਬਾਂ ਅਤੇ ਰਿਸਾਲੇ ਲਿਖੇ, ਜਿਨ੍ਹਾਂ ਵਿਚੋਂ ਕਈ ਮਜ਼ਹਬੀ ਪ੍ਰਚਾਰ 'ਤੇ ਆਧਾਰਿਤ ਸਨ ਅਰ ਸਾਰੇ ਦੇ ਸਾਰੇ ਫ਼ਾਰਸੀ ਯਾ ਅਰਬੀ ਅੱਖਰਾਂ ਵਿਚ ਸਨ....ਪੰਜਾਬੀ ਬੋਲੀ ਨੂੰ ਵਿਦਿਆ ਦਾ ਸਾਧਨ ਬਣਨ ਦਾ ਮਾਣ ਸਿਰਫ਼ ਔਰੰਗਜ਼ੇਬ ਆਲਮਗ਼ੀਰ ਦੇ ਅਹਿਦ ਵਿਚ ਹੀ ਪ੍ਰਾਪਤ ਹੋਇਆ। ਇਸ ਦਾ ਅਰਥ ਇਹੋ ਮਾਲੂਮ ਹੁੰਦਾ ਹੈ ਕਿ ਹਕੂਮਤ ਪੰਜਾਬੀ ਵਿਚ ਫ਼ਾਰਸੀ ਉਰਦੂ ਅਤੇ ਇਸਲਾਮੀ ਲਿਟਰੇਚਰ ਦਾ ਪ੍ਰਚਾਰ ਕਰਨਾ ਚਾਹੁੰਦੀ ਸੀ।[4] ਇਹੀ ਪੈਂਤੜਾ ਉਸਦੀ ਗ਼ਜ਼ਲ ਸਿਰਜਣਾ ਵਿੱਚ ਵੀ ਨਜ਼ਰ ਆਉਂਦਾ ਹੈ। ਇਸੇ ਤਰ੍ਹਾਂ ਇਸ ਵਰਤਾਰੇ ਦੇ ਸਮਾਨੰਤਰ ਧਨੀ ਰਾਮ ਚਾਤ੍ਰਿਕ ਦੀ ਗ਼ਜ਼ਲਕਾਰੀ ਸਾਹਮਣੇ ਆਉਂਦੀ ਹੈ। ਉਹ ਆਪਣੀਆਂ ਗ਼ਜ਼ਲਾਂ ਵਿਚ ਪੰਜਾਬੀ ਸਭਿਆਚਾਰ ਦੇ ਸਾਂਝੇ ਸੂਤਰ ਤਲਾਸ਼ਦਾ ਹੈ। ਦਰਅਸਲ ਪੰਜਾਬੀ ਗ਼ਜ਼ਲ ਵਿੱਚ ਪੰਜਾਬੀਅਤ ਦੀ ਨਿਰੋਲ ਭਾਵਨਾ ਪਹਿਲਾਂ ਪਹਿਲ ਧਨੀ ਰਾਮ ਚਾਤ੍ਰਿਕ ਦੀਆਂ ਗ਼ਜ਼ਲਾਂ ਰਾਹੀਂ ਹੀ ਪ੍ਰਵੇਸ਼ ਕਰਦੀ ਹੈ। ਇਸੇ ਦੌਰ ਵਿਚ ਭਾਈ ਵੀਰ ਸਿੰਘ ਅਤੇ ਬਾਬੂ ਫ਼ੀਰੋਜ਼ਦੀਨ ਸ਼ਰਫ਼ ਦੀ ਗ਼ਜ਼ਲ ਰਚਨਾ ਸਾਹਮਣੇ ਆਉਂਦੀ ਹੈ। ਜ਼ਿਕਰਯੋਗ ਹੈ ਕਿ ਇਨ੍ਹਾਂ ਦੋਵਾਂ ਸ਼ਾਇਰਾਂ ਦੀ ਗ਼ਜ਼ਲ ਇਕ ਖ਼ਾਸ ਸ੍ਰੋਤੇ ਨੂੰ ਮੁਖ਼ਾਤਿਬ ਹੁੰਦੀ ਹੈ ਜਿਹੜਾ ਕਿ ਵਿਸ਼ੇਸ਼ ਧਾਰਮਿਕ ਅਕੀਦੇ ਨੂੰ ਸੰਬੋਧਿਤ ਹੈ। ਦਰਅਸਲ ਬਸਤੀਵਾਦੀ ਧਾਰਮਿਕ ਨੀਤੀ ਦੇ ਵਿਰੋਧ ਵਿਚ ਦੇਸੀ ਧਾਰਮਿਕ ਲਹਿਰਾਂ ਦੀ ਵਿਚਾਰਧਾਰਾ ਇਸ ਦੌਰ ਦੀ ਗ਼ਜ਼ਲਕਾਰੀ ਦੀ ਸੁਹਜਾਤਮਕਤਾ ਦਾ ਮੁੱਖ ਆਧਾਰ ਮੰਨਿਆ ਜਾ ਸਕਦਾ ਹੈ। ਧਨੀ ਰਾਮ ਚਾਤ੍ਰਿਕ ਦੀ ਗ਼ਜ਼ਲ ਇਸੇ ਦੌਰ ਦੀ ਸਾਂਝੇ ਰਾਸ਼ਟਰਵਾਦ ਦੀ ਧਾਰਾ ਤੋਂ ਪ੍ਰੇਰਿਤ ਹੈ :

***ਪ੍ਰਭੂ ਹੁਣ ਤੇ ਕਿਸੇ ਐਸੇ ਤਿਆਗੀ ਦੀ ਲਿਆ ਵਾਰੀ***
***ਜੋ ਸਾਂਭੇ ਰਹਿਬਰੀ ਇਸ ਦੇਸ਼ ਦੀ ਬਣ ਕੇ ਕਲਾਧਾਰੀ***
***ਹੈ ਡਗਮਗ ਡੋਲਦੀ ਮੰਝਧਾਰ ਵਿਚ ਇਸ ਦੇਸ਼ ਦੀ ਨਈਆ***
***ਬੜਾ ਚਿੰਤਾਜਨਕ ਹੈ ਰੋਗ ਤੂੰ ਕੋਈ ਕਰੀਂ ਕਾਰੀ।***[5]

ਪੰਜਾਬੀ ਦੇ ਸਮੁੱਚੇ ਸਾਹਿਤ ਵਾਂਗ ਪ੍ਰਗਤੀਵਾਦੀ ਕਾਲ ਦੀ ਪੰਜਾਬੀ ਕਵਿਤਾ, ਵਿਸ਼ੇਸ਼ ਤੌਰ 'ਤੇ ਪੰਜਾਬੀ ਗ਼ਜ਼ਲ ਦੇ ਸੁਹਜ ਸ਼ਾਸਤਰੀ ਅਧਿਐਨ ਵਿਚ ਅਹਿਮ ਸਥਾਨ ਰੱਖਦੀ ਹੈ। ਪੰਜਾਬੀ ਕਵਿਤਾ ਅਤੇ ਗ਼ਜ਼ਲ ਨੇ ਇਸ ਦੌਰ ਦੀ ਵਿਚਾਰਧਾਰਕ ਚੇਤਨਾ ਤੋਂ ਖਾਸ ਊਰਜਾ ਪ੍ਰਾਪਤ ਕੀਤੀ। ਗ਼ਜ਼ਲ ਦੇ ਸ੍ਰੋਤਾਮੁਖੀ ਵਿਧਾ ਹੋਣ ਕਰਕੇ ਇਸ ਦੌਰ ਵਿਚ ਇਹ ਬਹੁਤ ਸਾਰੇ ਸ਼ਾਇਰਾਂ ਦੀ ਸਿਰਜਣਾ ਦਾ ਮਾਧਿਅਮ ਬਣੀ, ਪਰੰਤੂ ਇਹਨਾਂ ਵਿਚੋਂ ਪ੍ਰੋ. ਮੋਹਨ ਸਿੰਘ ਅਤੇ ਬਾਵਾ ਬਲਵੰਤ ਮੁੱਖ ਰੂਪ ਵਿਚ ਪ੍ਰਗਤੀਵਾਦੀ ਸ਼ਾਇਰਾਂ ਵਜੋਂ ਸਾਹਮਣੇ ਆਏ। ਇਨ੍ਹਾਂ ਸ਼ਾਇਰਾਂ ਨੇ ਜਿੱਥੇ ਪੰਜਾਬੀ ਭਾਸ਼ਾ ਵਿਚ ਵਿਸ਼ੇ ਦੇ ਪੱਖ ਤੋਂ ਨਵੀਂ ਕਿਸਮ ਦੀ ਸੁਹਜ ਚੇਤਨਾ ਰਵਾਂ ਕੀਤੀ ਉੱਥੇ ਰੂਪ ਦੀਆਂ ਗਲ-ਘੁਟਵੀਆਂ ਬੰਦਿਸ਼ਾਂ ਖ਼ਿਲਾਫ਼ ਵਿਰੋਧ ਦੀ ਸਥਿਤੀ ਵੀ ਇਨ੍ਹਾਂ ਸ਼ਾਇਰਾਂ ਦੀ ਕਲਮ ਰਾਹੀਂ ਪ੍ਰਵਾਨ ਚੜ੍ਹੀ :

***ਜ਼ਿੰਦਗਾਨੀ ਹੈ ਪਰਾਇਆ ਧਨ ਨਹੀਂ***
***ਜ਼ਿੰਦਗੀ ਨੂੰ ਮਾਨਣਾ ਔਗੁਣ ਨਹੀਂ***
***ਕਿਉਂ ਖਿਆਲਾਂ ਦੇ ਲਈ ਹਨ ਬੇੜੀਆਂ***
***ਜੇ ਹਵਾ ਨੂੰ ਵਕਤ ਦਾ ਬੰਧਨ ਨਹੀਂ।***[6]

ਕਲਾ ਵਿਚਲੇ ਸੁਹਜ ਦੀ ਹੋਂਦ ਬਾਰੇ ਪ੍ਰਾਪਤ ਸਮੁੱਚਤਾ ਦੇ ਸਿਧਾਂਤ ਦਾ ਵੀ ਕਾਵਿਕ ਸੁਹਜ ਦੇ ਨਿਰਧਾਰਨ ਸਮੇਂ ਖਾਸਾ ਮਹੱਤਵ ਉਜਾਗਰ ਹੁੰਦਾ ਹੈ। ਇਸ ਸਿਧਾਂਤ ਅਨੁਸਾਰ ਕਿਸੇ ਕਲਾਕ੍ਰਿਤ ਵਿਚ ਰੰਗਾਂ ਦੇ ਅਨੁਪਾਤ, ਵਸਤ ਦਾ ਅਕਾਰ ਆਦਿ ਮਿਲ ਕੇ ਸੁਹਜ ਦੀ ਸਿਰਜਣਾ ਕਰਦੇ ਹਨ, ਪਰੰਤੂ ਇਸ ਸਿਧਾਂਤ ਦਾ ਅਰਥ ਇਹ ਨਹੀਂ ਕਿ ਇਹ ਨਿਰੋਲ ਵਸਤੂਵਾਦੀ ਹੈ। ਗ਼ਜ਼ਲ ਦਾ ਸਿਰਜਣਾਤਮਕ ਢਾਂਚਾ ਸ਼ਿਅਰਾਂ ਦੇ ਸੁਮੇਲ ਉੱਤੇ ਖੜਾ ਹੁੰਦਾ ਹੈ। ਗ਼ਜ਼ਲ ਵਿਚਲੇ ਇਨ੍ਹਾਂ ਸਾਰੇ ਸ਼ਿਅਰਾਂ ਦੀ ਕਾਫ਼ੀਏ, ਰਦੀਫ਼ ਅਤੇ ਬਹਿਰ (ਮੀਟਰ) ਜਿਹੇ ਤਕਨੀਕੀ ਪੱਖਾਂ ਦੇ ਆਧਾਰ 'ਤੇ ਸਾਂਝ ਹੋਣੀ ਲਾਜ਼ਿਮ ਕਰਾਰ ਹੈ ਪਰ ਵਿਸ਼ੇ ਪੱਖੋਂ ਕਿਸੇ ਗ਼ਜ਼ਲ ਵਿਚਲਾ ਇਕ ਸ਼ਿਅਰ ਦੂਜੇ ਤੋਂ ਬਿਲਕੁਲ ਭਿੰਨ ਵੀ ਹੋ ਸਕਦਾ ਹੈ ਜਾਂ ਪਹਿਲੇ ਕਿਸੇ ਸ਼ਿਅਰ ਵਿਚਲੇ ਸੰਵਾਦ ਨੂੰ ਅੱਗੇ ਵੀ ਤੋਰ ਸਕਦਾ ਹੈ। ਇਹ ਸੰਵਾਦ ਕਿਸੇ ਗ਼ਜ਼ਲ ਦੇ ਸਮੁੱਚੇ ਸ਼ਿਅਰਾਂ ਵਿਚ ਇਕੋ ਲੜੀ ਦੇ ਰੂਪ ਵਿਚ ਵੀ ਚਲ ਸਕਦਾ ਹੈ, ਜਿਸਨੂੰ ਅਸੀਂ 'ਮੁਸੱਲਸਲ ਗ਼ਜ਼ਲ' ਦੇ ਹਵਾਲੇ ਨਾਲ ਵੇਖਦੇ ਹਾਂ। ਭਾਵੇਂ ਵਿਸ਼ਾ ਪੱਖ ਤੋਂ ਗ਼ਜ਼ਲ ਵਿਚਲੀਆਂ ਇਹ ਵੱਖਰਤਾਵਾਂ ਗ਼ਜ਼ਲ ਦੇ ਵਸ਼ਿਸ਼ਟ ਗੁਣ ਵਜੋਂ ਪ੍ਰਭਾਸ਼ਿਤ ਹਨ ਪਰ ਇਨ੍ਹਾਂ ਵੱਖਰਤਾਵਾਂ ਦੇ ਨਤੀਜੇ ਵਜੋਂ ਉਤਪੰਨ ਹੁੰਦੇ ਵੱਖਰੇ ਵੱਖਰੇ ਮੂਡ ਗ਼ਜ਼ਲ ਨੂੰ ਉਸ ਸੁਹਜ ਤੋਂ ਵਿਰਵਾ ਹੀ ਰੱਖਦੇ ਹਨ ਜੋ ਸਾਰੇ ਸ਼ਿਅਰਾਂ ਦੀ ਆਪਣੀ ਸਾਂਝ ਵਿਚ ਪਿਆ ਹੁੰਦਾ ਹੈ। ਆਪਣੀ ਗੱਲ ਨੂੰ ਸਪੱਸ਼ਟ ਕਰਨ ਲਈ ਅਸੀਂ ਜਗਤਾਰ ਦੀ ਇਕ ਗ਼ਜ਼ਲ ਦੇ ਕੁਝ ਸ਼ਿਅਰ (ਪਹਿਲੇ ਚਾਰ) ਉਦਾਹਰਨ ਵਜੋਂ ਲੈਂਦੇ ਹਾਂ :

***ਪਰਦਾ ਹਾਂ ਮੈਂ ਜ਼ਮੀਨ ਦਾ ਖ਼ੁਦ ਬੇਲਿਬਾਸ ਹਾਂ***
***ਅੱਖਾਂ ਨੇ ਗਿਰਵੀ ਫੇਰ ਵੀ ਚਿਹਰਾ ਸ਼ਨਾਸ ਹਾਂ***
***ਤੂੰ ਖ਼ੁਦ ਹੀ ਲਾ ਗਵੇੜ ਕਿ ਕਿੰਨਾ ਕੁ ਹਾਂ ਸਬੂਤ***
***ਕੁਝ ਤੇਰੇ ਪਾਸ ਕੁਝ ਮੈਂ ਕਿਸੇ ਹੋਰ ਪਾਸ ਹਾਂ***
***ਉਸਨੂੰ ਹੀ ਪੁਛ ਲਵੋ ਕਿ ਉਹ ਅਜਕਲ੍ਹ ਕੀ ਪਹਿਨਦਾ***
***ਜਿਸਦੇ ਵਜੂਦ ਤੋਂ ਮੈਂ ਵਿਛੁੰਨੀ ਕਪਾਸ ਹਾਂ***
***ਗੁਜ਼ਰੀ ਬਹਾਰ ਬਾਅਦ ਵੀ ਹੈ ਮਰਤਬਾ ਬੁਲੰਦ***
***ਉਸਦਾ ਹਾਂ ਜੇ ਉਤਾਰ ਤਾਂ ਖ਼ਿਜ਼ਾਂ ਦਾ ਲਿਬਾਸ ਹਾਂ।***[7]

ਵਸਤੂ ਬਣੇ ਵਿਚਾਰਾਂ ਦੇ ਪੱਖ ਤੋਂ ਇਹ ਸ਼ਿਅਰ ਅਲੱਗ-ਅਲੱਗ ਦ੍ਰਿਸ਼ਟੀਕੋਣ ਅਤੇ ਪਿੱਠਭੂਮੀ ਦੇ ਧਾਰਨੀ ਹੋ ਸਕਦੇ ਹਾਂ, ਪਰੰਤੂ ਇਸ ਵੱਖਰਤਾ ਦੇ ਬਾਵਜੂਦ ਵੀ ਭਾਵਾਂ ਦੀ ਅੰਤਰੀਵੀਂ ਸਾਂਝ ਦੇ ਸਦਕਾ ਇਨ੍ਹਾਂ ਵਿਚ ਵਿਚਾਰਾਂ ਦੀ ਇਕ ਇਕਾਗਰਤਾ ਨਜ਼ਰ ਆਉਂਦੀ ਹੈ। ਇਸ ਇਕਾਗਰਤਾ ਨੂੰ ਸ਼ਾਇਰ ਵਲੋਂ ਗ਼ਜ਼ਲ ਲਿਖਣ ਉਪਰੰਤ ਸੋਧ ਸੁਧਾਈ ਦੇ ਉਸ ਅਮਲ ਵਿਚੋਂ ਵੀ ਪਛਾਣਿਆ ਜਾ ਸਕਦਾ ਹੈ ਜਦੋਂ ਉਹ ਪੇਸ਼ਕਾਰੀ ਤੋਂ ਪਹਿਲਾਂ ਇਕਾਗਰਤਾ ਦੀ ਇਕ ਲੜੀ ਬਣਾਈ ਰੱਖਣ ਲਈ ਸ਼ਿਅਰਾਂ ਦੇ ਕ੍ਰਮ ਵਿਚ ਤਬਦੀਲੀ ਕਰ ਦਿੰਦਾ ਹੈ।

ਅਸਲ ਵਿੱਚ ਗ਼ਜ਼ਲ ਦਾ ਸੁਹਜ ਸ਼ਾਸਤਰੀ ਅਧਿਐਨ ਮਾਡਲ ਨਿਯਤ ਕਰਦਿਆਂ, ਉਨ੍ਹਾਂ ਸਾਰੇ ਵਰਤਾਰਿਆਂ ਅਤੇ ਪਰਿਸਥਿਤੀਆਂ

ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਇਸ ਪ੍ਰਕਾਰ ਦੀ ਅਧਿਐਨ ਵਿਧੀ ਦੀ ਰੂਪ ਰੇਖਾ ਤਿਆਰ ਕਰਨੀ ਪਵੇਗੀ ਜਿਸ ਦੇ ਅੰਤਰਗਤ ਪਹਿਲਾਂ ਅਰਬੀ-ਫ਼ਾਰਸੀ ਅਤੇ ਉਰਦੂ ਜ਼ੁਬਾਨ ਦੇ ਸੁਹਜ ਨੂੰ ਨਿਰਧਾਰਤ ਕਰਦਿਆਂ ਪੰਜਾਬੀ ਗ਼ਜ਼ਲ ਦੇ ਸੁਹਜ ਸ਼ਾਸਤਰੀ ਅਧਿਐਨ ਲਈ ਰਾਹ ਮੋਕਲਾ ਕੀਤਾ ਜਾ ਸਕੇ। ਇਸੇ ਅਧਿਐਨ ਦੇ ਤਹਿਤ ਇਸ ਵਿਧਾ ਦੇ ਇਤਿਹਾਸਕ ਪਰਿਪੇਖ ਨੂੰ ਵੀ ਧਿਆਨ ਵਿਚ ਰੱਖਿਆ ਜਾਣਾ ਚਾਹੀਦਾ ਹੈ। ਸਮੁੱਚੀ ਪੰਜਾਬੀ ਕਾਵਿਕਾਰੀ ਅਤੇ ਇਸਦੇ ਸੁਭਾਅ ਬਾਰੇ ਨਿਸ਼ਚਿਤ ਹੁੰਦਿਆਂ ਗ਼ਜ਼ਲ ਵਿਚ ਸਮੇਂ ਸਮੇਂ 'ਤੇ ਆਉਂਦੇ ਗੁਣਾਤਮਕ ਪਰਿਵਰਤਨਾਂ ਨੂੰ ਰੇਖਾਂਕਿਤ ਕਰਨਾ ਜ਼ਰੂਰੀ ਹੈ.

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਸੁਹਜ ਨੂੰ ਕਲਾ ਦੇ ਮਹੱਤਵਪੂਰਨ ਅੰਗ ਵਜੋਂ ਪੇਸ਼ ਕਰਦਿਆਂ ਕਲਾ ਚਿੰਤਨ ਦੀ ਪਰੰਪਰਾ ਨਾ ਕੇਵਲ ਸੁਹਜ ਦੇ ਕਲਾ ਵਿਚਲੇ ਸਥਾਨ ਨੂੰ ਨਿਯਤ ਕਰਦੀ ਹੈ ਬਲਕਿ ਸੁਹਜ ਦੀ ਪ੍ਰਕਿਰਤੀ ਅਤੇ ਉਸਦੇ ਨਿਰਮਾਣਕਾਰੀ ਤੱਤਾਂ ਪ੍ਰਤੀ ਵੀ ਸੁਚੇਤ ਚਿੰਤਨ ਪੇਸ਼ ਕਰਦੀ ਹੈ। ਸੁਹਜ ਸਿਰਜਣਾ ਨੂੰ ਕਲਾ ਦਾ ਪ੍ਰਾਥਮਿਕ ਉਦੇਸ਼ ਮੰਨਣ ਤੋਂ ਲੈ ਕੇ ਸੁਹਜ ਸਿਰਜਣ 'ਚ ਸਹਾਈ ਤੱਤਾਂ ਦੇ ਵਿਵਰਣ ਦਾ ਵਿਸ਼ਾਲ ਚਿੰਤਨ ਇਸ ਸੰਦਰਭ ਵਿਚ ਵੇਖਿਆ ਜਾ ਸਕਦਾ ਹੈ। ਸਮੁੱਚੇ ਸੁਹਜ ਸ਼ਾਸਤਰੀ ਚਿੰਤਨ ਦੀ ਇਹ ਅਨੂਠੀ ਪ੍ਰਾਪਤੀ ਮੰਨੀ ਜਾ ਸਕਦੀ ਹੈ ਕਿ ਇਸ ਦੇ ਅੰਤਰਗਤ ਸੁਹਜ ਸਿਰਜਣਾ ਤੋਂ ਸੁਹਜ ਬੋਧ ਤਕ ਦੇ ਸਾਰੇ ਵਰਤਾਰੇ ਨੂੰ ਕਲਾਵੇ ਵਿਚ ਲਿਆ ਗਿਆ ਅਤੇ ਕਲਾ ਦੇ ਵੱਖ ਵੱਖ ਰੂਪਾਂ ਦੇ ਆਧਾਰ 'ਤੇ ਸੁਹਜ ਨਿਰਮਾਣ ਦੇ ਮਾਪਦੰਡ ਤੈਅ ਕੀਤੇ ਗਏ। ਪ੍ਰਾਪਤ ਸੁਹਜ ਸ਼ਾਸਤਰੀ ਅਧਿਐਨ ਦੀ ਇਸੇ ਉਪਲਬਧੀ ਕਾਰਨ ਅਸੀਂ ਗ਼ਜ਼ਲ ਦੇ ਸੁਹਜ ਸ਼ਾਸਤਰੀ ਅਧਿਐਨ ਮਾਡਲ ਦੀ ਰੂਪ ਰੇਖਾ ਤੈਅ ਕਰ ਸਕਣ ਵਿਚ ਸਫ਼ਲ ਹੋਏ ਹਾਂ।

***ਹਵਾਲੇ :***


*(1) ਮੌਲਾਨਾ ਅਲਤਾਫ਼ ਹੁਸੈਨ 'ਪਾਣੀਪਤੀ', 'ਮੁਕੱਦਮਾ ਏ ਸ਼ਿਅਰੋ ਸ਼ਾਇਰੀ'(ਅਨੁਵਾਦ: ਸਰੂਪ ਸਿੰਘ ਅਲੱਗ ਤੇ ਹੋਰ), ਪੰਨਾ 64.*

*(2) ਗੁਰਚਰਨ ਸਿੰਘ ਅਰਸ਼ੀ, 'ਸਮੀਖਿਆ ਦ੍ਰਿਸ਼ਟੀਆਂ', ਪੰਨਾ 71.*

*(3) ਕੰਚਨ ਸਿੰਘ, 'ਗ਼ਜ਼ਲ ਅਧਿਐਨ ਅਤੇ ਮੋਹਨ ਸਿੰਘ ਗ਼ਜ਼ਲ ਕਾਵਿ', ਪੰਨਾ 35.*

*(4) ਮੌਲਾ ਬਖ਼ਸ਼ ਕੁਸ਼ਤਾ, 'ਪੰਜਾਬ ਦੇ ਹੀਰੇ', 'ਪੰਨਾ 19 ਤੇ 21.*

*(5) ਸ.ਸ. ਅਮੋਲ, 'ਚਾਤ੍ਰਿਕ ਰਚਨਾਵਲੀ', ਪੰਨਾ 1248-1249.*

*(5) ਬਾਵਾ ਬਲਵੰਤ, 'ਬੰਦਰਗਾਹ', ਪੰਨਾ 81.*

*(6) ਜਗਤਾਰ, 'ਮੋਮ ਦੇ ਲੋਕ', ਪੰਨਾ 13.*


❁❁


**UGC -**

**APPROVED - JOURNAL**




**UGC Journal Details**

| | |
|---|---|
| Name of the Journal : | Research Link |
| ISSN Number : | 09731628 |
| e-ISSN Number : | |
| Source: | UNIV |
| Subject: | Accounting;Anthropology;Business and International Management;Economics, Econometrics and Finance(all);Education;Environmental Science(all);Finance;Geography, Planning and Development;Law;Political Science a;Social Sciences(all) |
| Publisher: | Research Link |
| Country of Publication: | India |
| Broad Subject Category: | Arts & Humanities;Multidisciplinary;Social Science |

Print

'रिसर्च लिंक' की सदस्यता का शुल्क भुगतान राष्ट्रीयकृत बैंकों द्वारा सीधे ट्रांसफर या जमा किया जा सकता है। बैंक का विवरण निम्नानुसार है-

**बैंक :** स्टेट बैंक ऑफ इण्डिया

**ब्रांच :** ओल्ड पलासिया, इन्दौर,

**कोड - SBIN 000 3432**

**खाते का नाम : रिसर्च लिंक,**

**खाता नंबर - 63025612815**

भुगतान की मूल रसीद, शोध-पत्र एवं सीडी के साथ कार्यालयीन पते पर भेजना अनिवार्य है।